# ਆਵਾਜਾਈ ਲਾਭ: ਆਪਣੀਆਂ ਡਾਕਟਰੀ ਮੁਲਾਕਾਤਾਂ 'ਤੇ ਪਹੁੰਚਣਾ



## ਤੁਹਾਡੀਆਂ Medi-Cal ਕਵਰ ਕੀਤੀਆਂ ਸੇਵਾਵਾਂ ਲਈ ਆਵਾਜਾਈ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ?

ਇੱਥੇ 4 ਕਿਸਮ ਦੀਆਂ ਆਵਾਜਾਈ ਸੇਵਾਵਾਂ ਹਨ ਜੋ ਤੁਸੀਂ Partnership HealthPlan of California ਮੈਂਬਰ ਵਜੋਂ ਪ੍ਰਾਪਤ ਕਰ ਸਕਦੇ ਹੋ:

### 1) ਐਮਰਜੈਂਸੀ ਆਵਾਜਾਈ ਸੇਵਾਵਾਂ

Partnership ਐਂਬੁਲੈਂਸ ਸੇਵਾਵਾਂ ਕਵਰ ਕਰਦੀ ਹੈ। ਜੇ ਤੁਹਾਨੂੰ ਐਮਰਜੈਂਸੀ ਆਵਾਜਾਈ ਦੀ ਜ਼ਰੂਰਤ ਹੈ ਤਾਂ ਤੁਰੰਤ **911** 'ਤੇ ਕਾਲ ਕਰੋ। ਤੁਹਾਨੂੰ ਡਾਕਟਰ ਨੂੰ ਪੁੱਛਣ ਦੀ ਲੋੜ ਨਹੀਂ ਹੈ।

### 2) ਬਿਨਾਂ ਐਮਰਜੈਂਸੀ ਵਾਲੀ ਮੈਡੀਕਲ ਆਵਾਜਾਈ (NEMT)

Partnership ਮੈਡੀਕਲ ਸੇਵਾਵਾਂ ਅਤੇ ਮੁਲਾਕਾਤ ਦੇ ਸਮੇਂ ਲਈ ਆਵਾਜਾਈ ਕਵਰ ਕਰਦੀ ਹੈ। ਅਜਿਹਾ ਉਸ ਸਮੇਂ ਹੁੰਦਾ ਹੈ, ਜਦੋਂ ਤੁਹਾਨੂੰ ਇਹੋ ਜਿਹੀ ਸਿਹਤ ਸਮੱਸਿਆ ਹੁੰਦੀ ਹੈ, ਜਿਸ ਕਰਕੇ ਤੁਸੀਂ ਕਾਰ, ਬਸ, ਟ੍ਰੇਨ ਜਾਂ ਟੈਕਸੀ ਲੈਕੇ ਸਫ਼ਰ ਨਹੀਂ ਕਰ ਸਕਦੇ। NEMT ਸੇਵਾਵਾਂ ਲਈ ਆਪਣੇ ਡਾਕਟਰ ਨੂੰ ਪੁੱਛੋ। ਤੁਹਾਡੇ ਡਾਕਟਰ ਨੂੰ ਪਤਾ ਹੋਏਗਾ ਕਿ ਤੁਹਾਨੂੰ ਆਪਣੇ ਸਿਹਤ ਸਬੰਧੀ ਮੁੱਦਿਆਂ ਲਈ ਕਿਸ ਤਰ੍ਹਾਂ ਦੀ ਆਵਾਜਾਈ ਸਬੰਧੀ ਸੇਵਾ ਦੀ ਲੋੜ ਹੈ। ਜੇ ਤੁਹਾਨੂੰ ਆਪਣੇ ਘਰੋਂ ਬਾਹਰ ਨਿਕਲਣ, ਗੱਡੀ ਵਿੱਚ ਬਹਿਣ ਅਤੇ/ਜਾਂ ਮੈਡੀਕਲ ਦਫ਼ਤਰ ਵਿੱਚ ਜਾਣ ਵੇਲੇ ਮਦਦ ਦੀ ਲੋੜ ਹੈ, ਤਾਂ ਤੁਸੀਂ NEMT ਸੇਵਾਵਾਂ ਲੈ ਸਕਦੇ ਹੋ। NEMT ਸੇਵਾਵਾਂ ਦੀਆਂ ਕਿਸਮਾਂ ਹਨ:

- ਐਂਬੁਲੈਂਸ
- ਹਵਾਈ ਆਵਾਜਾਈ
- ਵ੍ਹੀਲਚੇਅਰ ਵੈਨ
- ਗਰਨੀ ਵੈਨ

ਡਾਕਟਰ-ਪ੍ਰਵਾਨਿਤ NEMT ਸੇਵਾਵਾਂ ਦੀ ਮੰਗ ਕਰਨ ਲਈ ਤੁਹਾਡੀ ਮੁਲਾਕਾਤ ਤੋਂ ਘੱਟੋ-ਘੱਟ 5 ਦਿਨ ਪਹਿਲਾਂ **Partnership ਆਵਾਜਾਈ ਸੇਵਾਵਾਂ** ਨੂੰ ਕਾਲ ਕਰੋ। **ਸੋਮਵਾਰ - ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ (866) 828-2303 'ਤੇ ਕਾਲ ਕਰੋ।** ਕਿਰਪਾ ਕਰਕੇ ਜ਼ਰੂਰੀ ਮੁਲਾਕਾਤਾਂ ਲਈ ਜਿੰਨੀ ਜਲਦੀ ਹੋ ਸਕੇ ਕਾਲ ਕਰੋ।

## 3) ਗੈਰ-ਮੈਡੀਕਲ ਆਵਾਜਾਈ (NMT)

Partnership ਵਿੱਚ ਕਾਰਾਂ, ਟੈਕਸੀਆਂ, ਬੱਸਾਂ ਵਿੱਚ ਸਫ਼ਰ ਕਰਨ ਜਾਂ ਮੈਡੀਕਲ ਮੁਲਾਕਾਤਾਂ ਲਈ ਗੈਸ ਮਾਈਲੇਜ ਭੁਗਤਾਨ ਰਾਹੀਂ ਸਫ਼ਰ ਕਰਨਾ ਵੀ ਸ਼ਾਮਲ ਹੈ। ਤੁਹਾਨੂੰ ਇਹ ਵੀ ਮਿਲ ਸਕਦੇ ਹਨ:

- ਜਿਸ ਸਮੇਂ ਪਰਿਵਾਰ ਦਾ ਮੈਂਬਰ ਜਾਂ ਦੋਸਤ ਤੁਹਾਨੂੰ ਮੁਲਾਕਾਤ ਲਈ ਲੈਕੇ ਜਾਂਦਾ ਹੈ, ਤਾਂ ਗੈਸ ਮਾਈਲੇਜ ਦਾ ਭੁਗਤਾਨ ਕੀਤਾ ਜਾਂਦਾ ਹੈ। ਬਹੁਤੇ ਮਾਮਲਿਆਂ ਵਿੱਚ ਮੈਂਬਰਾਂ ਨੂੰ ਸਿੱਧਾ ਭੁਗਤਾਨ ਨਹੀਂ ਕੀਤਾ ਜਾ ਸਕਦਾ।
- ਬੱਸ ਦੇ ਪਾਸ/ ਪੈਰਾ-ਟ੍ਰਾਂਜ਼ਿਟ ਟਿਕਟਾਂ
- ਟੈਕਸੀ ਦੇ ਵਾਊਚਰ
- ਟ੍ਰੇਨ ਦੀਆਂ ਟਿਕਟਾਂ

Partnership ਤੁਹਾਡੀਆਂ ਸਿਹਤ ਜ਼ਰੂਰਤਾਂ ਪੂਰੀ ਕਰਨ ਵਾਲੀ NMT ਸੇਵਾ ਦੀ ਸਭ ਤੋਂ ਘੱਟ ਲਾਗਤ ਦਾ ਭੁਗਤਾਨ ਕਰੇਗਾ। ਉਦਾਹਰਣ ਲਈ, ਜੇ ਤੁਹਾਡੇ ਅਤੇ ਤੁਹਾਡੀ ਮੁਲਾਕਾਤ ਦੇ ਨੇੜੇ ਬੱਸ ਰੂਟ ਹੈ, ਤਾਂ ਤੁਹਾਨੂੰ ਬੱਸ ਪਾਸ ਮਿਲ ਸਕਦਾ ਹੈ, ਪਰ ਟੈਕਸੀ ਨਹੀਂ।

**NMT ਸੇਵਾਵਾਂ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਸੋਮਵਾਰ - ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ (866) 828-2303 'ਤੇ ਕਾਲ ਕਰੋ।** ਆਪਣੀ ਸੇਵਾ ਜਾਂ ਮੁਲਾਕਾਤ ਦੇ ਸਮੇਂ ਤੋਂ ਘੱਟੋ-ਘੱਟ 5 ਦਿਨ ਪਹਿਲਾਂ ਕਾਲ ਕਰੋ। ਜੇਕਰ ਤੁਹਾਡੀ ਜ਼ਰੂਰੀ ਲੋੜ ਹੈ ਤਾਂ ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਕਾਲ ਕਰੋ।

## 4) ਸਫ਼ਰ ਦੇ ਖ਼ਰਚਿਆਂ ਲਈ ਵਾਧੂ ਲਾਭ

Partnership ਇਹ ਕਵਰ ਕਰ ਸਕਦੀ ਹੈ:

- ਭੋਜਨ
- ਟੋਲਸ
- ਲਾਜਿੰਗ
- ਪਾਰਕਿੰਗ
- ਮੈਡੀਕਲ ਸਹਾਇਕ ਲਈ ਮੁੜ-ਭੁਗਤਾਨ

ਮੁਲਾਕਾਤ ਤੋਂ ਪਹਿਲਾਂ ਤੁਹਾਨੂੰ Partnership ਤੋਂ ਇਹਨਾਂ ਸੇਵਾਵਾਂ ਲਈ ਜ਼ਰੂਰ ਪੁੱਛਣਾ ਚਾਹੀਦਾ ਹੈ। **ਇਹ ਵਾਧੂ ਲਾਭ ਪ੍ਰਾਪਤ ਕਰਨ ਲਈ ਕਿਰਪਾ ਕਰਕੇ Partnership ਆਵਾਜਾਈ ਸੇਵਾਵਾਂ ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ (866) 828-2303 'ਤੇ ਕਾਲ ਕਰੋ।** ਆਪਣੀ ਮੈਡੀਕਲ ਸੇਵਾ ਜਾਂ ਮੁਲਾਕਾਤ ਦੇ ਸਮੇਂ ਤੋਂ ਘੱਟੋ-ਘੱਟ 5 ਦਿਨ ਪਹਿਲਾਂ ਕਾਲ ਕਰੋ। ਜੇ ਤੁਹਾਡੀ ਮੁਲਾਕਾਤ ਬਹੁਤ ਜ਼ਰੂਰੀ ਹੈ, ਤਾਂ ਜਿੰਨੀ ਛੇਤੀ ਹੋ ਸਕੇ ਕਾਲ ਕਰੋ।

*Partnership ਲਾਭਾਂ ਬਾਰੇ ਸਵਾਲਾਂ ਲਈ ਮੈਂਬਰ ਸੇਵਾਵਾਂ ਨੂੰ **ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ (800) 863-4155** 'ਤੇ ਕਾਲ ਕਰੋ। TTY:* ਕਾਲ ਕਰੋ **(800) 735-2929 ਜਾਂ 711.** *ਕਿਰਪਾ ਕਰਕੇ ਆਪਣਾ ID ਨੰਬਰ ਜਾਂ ID ਕਾਰਡ ਤਿਆਰ ਰੱਖੋ।*



ACCREDITED NCQA HEALTH PLAN